FREEMIND



Tender Heart High school Sec- 33 B Chd

Class-6 Teacher- Ramandeep Kaur

Topic- ਵਸਦੇ ਰਹੋ, ਉੱਜੜ ਜਾਓ ਪਾਠ - 2

ਸ਼ੁੱਭ ਸਵੇਰ

ਪਿਆਰੇ ਬੱਚਿਓ, ਇਸ ਹਫਤੇ ਅਸੀਂ ਛੇਵੀਂ ਜਮਾਤ ਦੇ ਪੰਜਾਬੀ ਵਿਸ਼ੇ ਕਹਾਣੀ 'ਵਸਦੇ ਰਹੋ ਉੱਜੜ ਜਾਓ' ਬਾਰੇ ਵਿਚਾਰ ਕਰਾਂਗੇ। ਇਹ ਪਾਠ - 2 ਤੁਹਾਡੀ ਪਾਠ - ਪੁਸਤਕ ਦੇ ਪੰਨਾ ਨੰਬਰ 11 ਤੋਂ ਪੰਨਾ ਨੰਬਰ - 17 ਉੱਤੇ ਦਰਜ ਹੈ।

ਤੁਸੀਂ ਸਾਰਿਆਂ ਨੇ ਆਪਣੀ ਪਾਠ - ਪੁਸਤਕ ਸਾਹਮਣੇ ਰੱਖ ਕੇ ਇਹ ਸਾਖੀ ਸੁਣਨੀ ਹੈ ਅਤੇ ਸਮਝਣਾ ਹੈ ਕਿ ਸਾਨੂੰ ਇਸਤੋਂ ਕੀ ਸਿੱਖਿਆ ਮਿਲਦੀ ਹੈ।

ਆਓ ਹੁਣ ਪੰਨਾ - 11 ਤੇ ਪੜ੍ਹਦੇ ਹਾਂ।

★ ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖਣ ਦਾ ਯਤਨ ਕਰਨਾ ਹੈ।

1. ਗੁਰੂ ਨਾਨਕ ਦੇਵ ਨਾਲ ਕੌਣ ਸੀ?
2. ਗੁਰੂ ਜੀ ਨੇ ਵਸਦੇ ਰਹੋ ਕਿਹਨਾਂ ਨੂੰ ਕਿਹਾ?
3. ਗੁਰੂ ਨਾਨਕ ਦੇਵ ਜੀ ਨੇ ਉੱਜੜ ਜਾਓ ਕਿਹਨਾਂ ਨੂੰ ਕਿਹਾ?

ਉਮੀਦ ਹੈ ਤੁਸੀਂ ਉੱਤਰ ਲਿਖ ਲਏ ਹੋਣਗੇ।

Class-6 Teacher- Ramandeep Kaur

Topic- ਵਸਦੇ ਰਹੋ, ਉੱਜੜ ਜਾਓ ਪਾਠ - 2

ਆਓ ਪਹਿਲਾਂ ਉੱਤਰ ਵਿਚਾਰੀਏ।

1. ਯਾਤਰਾ ਵੇਲੇ ਗੁਰੂ ਜੀ ਨਾਲ ਭਾਈ ਬਾਲਾ ਅਤੇ ਭਾਈ ਮਰਦਾਨਾ ਸੀ।

2. ਗੁਰੂ ਜੀ ਨੇ ਪਹਿਲੇ ਪਿੰਡ ਦੇ ਲੋਕਾਂ ਨੂੰ ਵਸਦੇ ਰਹੋ ਕਿਹਾ।

3. ਗੁਰੂ ਜੀ ਨੇ ਦੂਜੇ ਪਿੰਡ ਦੇ ਲੋਕਾਂ ਨੂੰ ਉੱਜੜ ਜਾਓ ਕਿਹਾ।

ਆਓ ਹੁਣ ਪੰਨਾ ਨੰਬਰ 12 ਅਤੇ 13 ਤੇ ਪੜ੍ਹਦੇ ਹਾਂ।

☆ ਹੁਣ ਤੁਸੀਂ ਇਸ ਕਹਾਣੀ ਨੂੰ ਤਿੰਨ ਮਿੰਟ ਲਈ ਗੌਰ ਕਰੋ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।

4. ਪਹਿਲੇ ਪਿੰਡ ਦੇ ਲੋਕਾਂ ਨੇ ਕਿਹੋ ਜਿਹਾ ਵਿਹਾਰ ਕੀਤਾ?

5. ਦੂਜੇ ਪਿੰਡ ਦੇ ਲੋਕ ਕਿਹੋ ਜਹੇ ਸੀ?

ਆਓ ਹੁਣ ਉੱਤਰ ਵਿਚਾਰਦੇ ਹਾਂ।

4. ਪਹਿਲੇ ਪਿੰਡ ਦੇ ਲੋਕਾਂ ਨੇ ਬੁਰਾ ਵਿਹਾਰ ਕੀਤਾ।

5. ਦੂਜੇ ਪਿੰਡ ਦੇ ਲੋਕਾਂ ਨੇ ਚੰਗਾ ਵਿਹਾਰ ਕੀਤਾ।

Class-6 Teacher- Ramandeep Kaur

Topic- ਵਸਦੇ ਰਹੋ, ਉੱਜੜ ਜਾਓ ਪਾਠ - 2

ਸੋ ਵਿਦਿਆਰਥੀਓ ਅਸੀਂ ਇਸ ਸਾਖੀ ਰਾਹੀਂ ਚੰਗੇ ਅਤੇ ਬੁਰੇ ਵਿਚਾਰ ਬਾਰੇ ਪੜ੍ਹਿਆ।

ਸਾਨੂੰ ਇਸ ਪਾਠ ਤੋਂ ਕੀ ਸਿੱਖਿਆ ਮਿਲਦੀ ਹੈ। ਆਓ ਵਿਚਾਰਦੇ ਹਾਂ।

ਜਿਵੇਂ ਕਿ ਅਸੀਂ ਪੜ੍ਹਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਲੋਕਾਂ ਦੀ ਭਲਾਈ ਯਾਤਰਾ ਕਰਦੇ ਸਨ। ਇੱਕ ਵਾਰ ਉਹ ਅਜਿਹੇ ਪਿੰਡ ਵਿਚ ਪਹੁੰਚੇ ਜਿੱਥੋਂ ਦੇ ਲੋਕਾਂ ਨੇ ਉਹਨਾਂ ਨਾਲ ਨਿਰਾਦਰ ਭਰਿਆ ਸਲੂਕ ਕੀਤਾ। ਤਾਂ ਗੁਰੂ ਜੀ ਉਹਨਾਂ ਨੂੰ ਵਸਦੇ ਰਹੋ ਕਹਿ ਕੇ ਅੱਗੇ ਤੁਰ ਪਏ। ਜਦੋਂ ਅਗਲੇ ਪਿੰਡ ਪਹੁੰਚੇ ਤਾਂ ਉਹਨਾਂ ਨੇ ਬਹੁਤ ਚੰਗਾ ਸਲੂਕ ਕੀਤਾ ਤਾਂ ਗੁਰੂ ਜੀ ਨੇ ਉੱਜੜ ਜਾਓ ਕਿਹਾ। ਮਰਦਾਨਾ ਇਹ ਸੁਣ ਕੇ ਬਹੁਤ ਹੈਰਾਨ ਹੋਇਆ। ਕਿ ਬੁਰੇ ਲੋਕਾਂ ਨੂੰ ਤੁਸੀਂ ਵਸਦੇ ਰਹੋ ਕਿਹਾ ਅਤੇ ਚੰਗੇ ਗੁਣਾਂ ਵਾਲਿਆਂ ਨੂੰ ਉੱਜੜ ਜਾਓ ਕਿਹਾ। ਤਾਂ ਗੁਰੂ ਜੀ ਨੇ ਜਵਾਬ ਦਿੱਤਾ ਅਸੀਂ ਦੁਨਿਆ ਵਿੱਚ ਚੰਗਿਆਈ ਫੈਲਾਉਣੀ ਹੈ। ਬੁਰੇ ਲੋਕ ਬੁਰਾਈ ਫੈਲਾਉਣਗੇ ਚੰਗੇ ਗੁਣਾਂ ਦੇ ਲੋਕ ਚੰਗਿਆਈ ਫੈਲਾਉਣਗੇ। ਅਜਿਹਾ ਉੱਤਰ ਸੁਣ ਕੇ ਮਰਦਾਨਾ ਅਤੇ ਉਸ ਪਿੰਡ ਦੇ ਲੋਕ ਖੁਸ਼ ਹੋ ਗਏ।

ਸੋ ਸਾਨੂੰ ਹਮੇਸ਼ਾਂ ਚੰਗੇ ਗੁਣ ਅਪਣਾਉਣੇ ਚਾਹੀਦੇ ਹਨ। ਉਹਨਾਂ ਦੀ ਸੰਗਤ ਵਿਚ

Class-6 Teacher- Ramandeep Kaur

Topic - ਵਸਦੇ ਰਹੋ, ਉੱਜੜ ਜਾਓ ਪਾਠ-2

ਰਹਿਣਾ ਚਾਹੀਦਾ ਹੈ ।

ਸਾਨੂੰ ਚੰਗੇ ਗੁਣਾਂ ਦੀ ਸੁਗੰਧ ਹਰ ਪਾਸੇ ਫੈਲਾਉਣੀ ਚਾਹੀਦੀ ਹੈ। ਸਾਨੂੰ ਲੋਕਾਂ ਦੀ ਭਲਾਈ ਕਰਨੀ ਚਾਹੀਦੀ ਹੈ। ਤਾਂ ਹੀ ਤਾਂ ਕਿਹਾ ਜਾਂਦਾ ਹੈ 'ਕਰ ਭਲਾ ਹੋ, ਭਲਾ'।

## ਘਰ ਦਾ ਕੰਮ

1. ਪੰਨਾ - ਨੰਬਰ 11 ਅਤੇ 12 ਦੇ ਸ਼ਬਦ ਅਰਥ ਆਪਣੀ ਕਾਪੀ ਤੇ ਲਿਖੋ ।
2. ਪੰਨਾ ਨੰਬਰ - 14 ਦਾ ਪ੍ਰਸ਼ਨ 3 ਕਿਤਾਬ ਤੇ ਹੀ ਹਲ ਕਰਨਾ ਹੈ। ਵਿਦਿਆਰਥੀ ਆਪ ਲਿਖਣਗੇ।
3. ਪੰਨਾ ਨੰਬਰ - 16 ਦੇ ਪ੍ਰਸ਼ਨ 1 (ਵਾਕ ਬਣਾਓ) ਅਤੇ ਪ੍ਰਸ਼ਨ 3 (ਸਹੀ ਮੇਲ ਕਰੋ) ਕਿਤਾਬ ਤੇ ਹੀ ਹਲ ਕਰਨਾ ਹੈ ।
4. ਪੰਨਾ ਨੰਬਰ - 17 ਦਾ ਪ੍ਰਸ਼ਨ 4 ਕਿਤਾਬ ਤੇ ਤੁਸੀਂ ਆਪ ਹਲ ਕਰਨਾ ਹੈ ।

ਧੰਨਵਾਦ

(last page)